ਮੁਨਾਸਬ ਜ਼ੋਰ ਦੀ ਵਰਤੋਂ/ਸੁਰੱਖਿਅਤ ਢੰਗ ਨਾਲ ਨਜਿੱਠਣ ਦੀ ਨੀਤੀ

ਮੂਲ ਕਾਰਣ

ਪੂਰੇ ਸਕੂਲ ਦੇ ਭਾਈਚਾਰੇ (ਵਿਦਿਆਰਥੀ ਅਤੇ ਸਟਾਫ਼) ਲਈ ਸੁਰੱਖਿਅਤ ਅਤੇ ਮਹਿਫੂਜ਼ ਮਾਹੌਲ ਮੁਹੱਈਆ ਕਰਨਾ ਅਤੇ ਉਚਿੱਤ ਵਤੀਰੇ ਨੂੰ ਪ੍ਰਫੁੱਲਤ ਕਰਨਾ ਅਤੇ ਉਸਦੀ ਪ੍ਰੌੜਤਾ ਕਰਨਾ ਸਾਡੀ ਜ਼ਿੰਮੇਵਾਰੀ ਹੈ।

ਨੀਤੀ ਅਤੇ ਮੁਨਾਸਬ ਜ਼ੋਰ ਦੀ ਵਰਤੋਂ/ਸੁਰੱਖਿਅਤ ਢੰਗ ਨਾਲ ਨਜਿੱਠਣ ਲਈ ਸਾਡੀਆਂ ਕਾਰਜ-ਵਿਧੀਆਂ ਸਾਰੇ ਅਧਿਆਪਨ ਅਤੇ ਸਹਾਇਤਾ ਸਟਾਫ਼ ਦੀ ਸਹਾਇਤਾ ਲਈ ਤਿਆਰ ਕੀਤੀਆਂ ਗਈਆਂ ਹਨ
ਇਹ ਨੀਤੀ ਅਤੇ ਸਾਡੀਆਂ ਕਾਰਜ-ਵਿਧੀਆਂ ਹੇਠ ਲਿਖੀਆਂ ਤੋਂ ਸੇਧ ਦੇ ਅਨੁਰੂਪ ਵਿਕਸਿਤ ਕੀਤੀਆਂ ਗਈਆਂ ਹਨ :
ਸਕੂਲਾਂ ਵਿੱਚ ਪੇਸਟੋਰਲ ਦੇਖਭਾਲ : ਉਸਾਰੂ ਵਤੀਰੇ ਨੂੰ ਪ੍ਰਫੁੱਲਤ ਕਰਨਾ (2001)
ਸਕੂਲਾਂ ਵਿੱਚ ਪੇਸਟੋਰਲ ਦੇਖਭਾਲ – ਬਾਲ ਸੁਰੱਖਿਆ : ਸਟਾਫ਼ ਲਈ ਆਚਾਰ ਜ਼ਾਬਤਾ (1999/10)
ਸਿੱਖਿਆ ਵਿਭਾਗ ਦਸਤਾਵੇਜ਼ ''ਮੁਨਾਸਬ ਜ਼ੋਰ ਦੀ ਵਰਤੋਂ 'ਤੇ ਸਕੂਲਾਂ ਵਿੱਚ ਇੱਕ ਆਦਰਸ਼ ਨੀਤੀ ਵੱਲ'' ਅਗਸਤ 2002
ਸਿੱਖਿਆ ਵਿਭਾਗ NI ਸਰਕੁਲਰ 1999/9
ਸਿੱਖਿਆ ਵਿਭਾਗ ਸਰਕੁਲਰ 2003/13 ਵਿਦਿਆਰਥੀਆਂ ਦੀ ਭਲਾਈ ਅਤੇ ਸੁਰੱਖਿਆ

ਵਿਧਾਨਕ ਢਾਂਚਾ

ਇਹ ਨੀਤੀ ਹੇਠਾਂ ਦਿੱਤੇ ਵਿਧਾਨ ਵੱਲ ਢੁੱਕਵਾਂ ਧਿਆਨ ਦੇ ਕੇ ਘੜੀ ਗਈ ਹੈ:

- ਚਿਲਡ੍ਰਨ (ਨੌਰਦਰਨ ਆਇਰਲੈਂਡ) ਆਰਡਰ 1995 – ਰੱਖਿਆ ਕਰਨ ਦਾ ਫਰਜ਼ ਅਤੇ ਬਾਲ ਸੁਰੱਖਿਆ ਜ਼ਿੰਮੇਵਾਰੀਆਂ/ਜ਼ਿੰਮੇਵਾਰੀ ਪੂਰੀ ਕਰਨਾ
- ਐਜੂਕੇਸ਼ਨ (ਨੌਰਦਰਨ ਆਇਰਲੈਂਡ) ਆਰਡਰ 1998 (ਭਾਗ II ਧਾਰਾ 4 (1))
- ਮਨੁੱਖੀ ਅਧਿਕਾਰ ਕਨੂੰਨ 1998 – ਮਨੁੱਖੀ ਅਧਿਕਾਰਾਂ 'ਤੇ ਯੂਰਪੀਅਨ ਕਨਵੈਨਸ਼ਨ ਦੀਆਂ ਧਾਰਾਵਾਂ 3 ਅਤੇ 5
- ਹੈਲਥ ਐਂਡ ਸੇਫ਼ਟੀ ਐਟ ਵਰਕ ਐਕਟ (ਨੌਰਦਰਨ ਆਇਰਲੈਂਡ) ਆਰਡਰ 1978
- ਐਜੂਕੇਸ਼ਨ (ਨੌਰਦਰਨ ਆਇਰਲੈਂਡ) ਆਰਡਰ 2003

ਉਦੇਸ਼

ਹੇਠਾਂ ਦਿੱਤੇ ਉਦੇਸ਼ ਸਕੂਲ ਦੀ ਨੀਤੀ ਅਤੇ ਵਿਹਾਰਾਂ ਦਾ ਆਧਾਰ ਹਨ :

- ਸਿਖਲਾਈ ਦਾ ਅਜਿਹਾ ਮਾਹੌਲ ਤਿਆਰ ਕਰਨਾ ਜਿਸ ਵਿੱਚ ਨੌਜਵਾਨ ਅਤੇ ਬਾਲਗ ਸੁਰੱਖਿਅਤ ਮਹਿਸੂਸ ਕਰ ਸਕਣ
- ਸਕੂਲੀ ਭਾਈਚਾਰੇ ਵਿੱਚ ਹਰੇਕ ਵਿਅਕਤੀ ਦੀ ਨੁਕਸਾਨ ਤੋਂ ਰਾਖੀ ਕਰਨਾ
- ਸਾਰੇ ਵਿਦਿਆਰਥੀਆਂ ਦੀ ਕਿਸੇ ਤਰ੍ਹਾਂ ਦੀ ਸਰੀਰਕ ਦਖਲਅੰਦਾਜ਼ੀ ਜੋ ਕਿ ਅਣਲੋੜੀਂਦੀ, ਅਣਉਚਿੱਤ, ਬੇਹੱਦ ਜਾਂ ਨੁਕਸਾਨਦਾਇਕ ਹੋਵੇ, ਤੋਂ ਰਾਖੀ ਕਰਨਾ: ਅਤੇ
- ਸਟਾਫ਼ (ਅਧਿਆਪਨ ਅਤੇ ਗੈਰ-ਅਧਿਆਪਨ) ਲਈ ਰਾਹਨੁਮਾਈ ਵਿਕਸਿਤ ਕਰਨਾ ਅਤੇ ਲਾਗੂ ਕਰਨਾ ਤਾਂ ਕਿ ਉਹ ਉਹਨਾਂ ਹਾਲਤਾਂ ਬਾਰੇ ਸਪਸ਼ਟ ਹੋਣ ਜਿਸ ਵਿੱਚ ਉਹ ਵਿਦਿਆਰਥੀਆਂ 'ਤੇ ਰੋਕ ਲਾਉਣ ਲਈ ਮੁਨਾਸਬ ਜ਼ੋਰ ਦੀ ਵਰਤੋਂ ਕਰ ਸਕਦੇ ਹਨ ਅਤੇ ਅਜਿਹਾ ਜ਼ੋਰ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ

ਮੁਨਾਸਬ ਜ਼ੋਰ ਦੀ ਪਰਿਭਾਸ਼ਾ

ਐਜੂਕੇਸ਼ਨ (ਨੌਰਦਰਨ ਆਇਰਲੈਂਡ) ਆਰਡਰ 1998 (ਭਾਗ II ਧਾਰਾ 4(1)) ਕਹਿੰਦਾ ਹੈ:
ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਦੇ ਸਟਾਫ ਦਾ ਕੋਈ ਸਦੱਸ, ਸਕੂਲ ਵਿੱਚ ਕਿਸੇ ਵੀ ਵਿਦਿਆਰਥੀ ਦੇ ਸਬੰਧ ਵਿੱਚ, ਅਜਿਹੇ ਜ਼ੋਰ ਦੀ ਵਰਤੋਂ ਜੋ ਹਾਲਾਤ ਮੁਤਾਬਕ ਮੁਨਾਸਬ ਹੋਵੇ, ਵਿਦਿਆਰਥੀ ਨੂੰ ਹੇਠ ਲਿਖਿਆਂ ਵਿਚੋਂ ਕੁਝ ਵੀ ਕਰਨ ਤੋਂ ਰੋਕਣ ਦੇ ਉਦੇਸ਼ ਲਈ ਕਰ ਸਕਦਾ ਹੈ :

- ਕੋਈ ਅਪਰਾਧ ਕਰਨਾ
- ਕਿਸੇ ਵੀ ਵਿਅਕਤੀ (ਖੁਦ ਵਿਦਿਆਰਥੀ ਸਮੇਤ) ਨੂੰ ਨਿੱਜੀ ਨੁਕਸਾਨ ਪਹੁੰਚਾਉਣ, ਜਾਂ ਸੰਪੱਤੀ ਦਾ ਨੁਕਸਾਨ ਕਰਨਾ; ਜਾਂ
- ਸਕੂਲ ਵਿੱਚ, ਜਾਂ ਇਸਦੇ ਕੋਈ ਵੀ ਵਿਦਿਆਰਥੀਆਂ ਵਿਚਕਾਰ, ਚੰਗੀ ਵਿਵਸਥਾ ਅਤੇ ਅਨੁਸ਼ਾਸਨ ਨੂੰ ਬਣਾਈ ਰੱਖਣ ਵਿਚ ਕਿਸੇ ਪੱਖਪਾਤੀ ਵਤੀਰੇ ਵਿੱਚ ਸ਼ਾਮਲ ਹੋਣਾ, ਭਾਵੇਂ ਉਹ ਵਤੀਰਾ ਅਧਿਆਪਨ ਸੈਸ਼ਨ ਦੌਰਾਨ ਜਾਂ ਕਿਸੇ ਹੋਰ ਤਰ੍ਹਾਂ ਵਾਪਰਦਾ ਹੈ।

ਇਸ ਕਨੂੰਨੀ ਢਾਂਚੇ 'ਤੇ ਅਧਾਰਤ, ''ਮੁਨਾਸਬ ਜ਼ੋਰ'' ਦੀ ਕਾਰਜਕਾਰੀ ਪਰਿਭਾਸ਼ਾ ਇਹ ਹੈ: ਕਿਸੇ ਵਿਦਿਆਰਥੀ ਨੂੰ ਸਰੀਰਕ ਤੌਰ 'ਤੇ ਆਪਣੇ ਆਪ ਨੂੰ ਜਾਂ ਹੋਰਾਂ ਨੂੰ ਨੁਕਸਾਨ ਪਹੁੰਚਾਉਣ ਜਾਂ ਜਾਇਦਾਦ ਨੂੰ ਗੰਭੀਰਤਾ ਨਾਲ ਨੁਕਸਾਨ ਕਰਨ ਤੋਂ ਰੋਕਣ ਲਈ ਲੋੜੀਂਦਾ ਘੱਟੋ-ਘੱਟ ਜ਼ੋਰ ਪਰ ਜਿਸਨੂੰ ਇਸ ਤਰ੍ਹਾਂ ਵਰਤਿਆ ਜਾਂਦਾ ਹੈ ਤਾਂ ਜੋ ਸਾਰੇ ਸਬੰਧਤ ਲੋਕਾਂ ਦੇ ਸਨਮਾਨ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਸਾਨੂੰ ਇਹ ਵਿਚਾਰਨ ਦੀ ਜ਼ਰੂਰਤ ਹੈ:

- ਯੋਜਨਾਬੱਧ ਵਿਚੋਲਗੀ ਜਿਸ ਵਿੱਚ, ਜਿੱਥੇ ਲੋੜ ਹੋਵੇ, ਸਟਾਫ਼ ਜੋਖਮ ਦੇ ਮੁਲਾਂਕਣ ਦੇ ਅਧਾਰ 'ਤੇ ਪਹਿਲਾਂ ਤੋਂ ਵਿਵਸਥਿਤ ਅਤੇ ਰਿਕਾਰਡ ਕੀਤੀਆਂ ਕਾਰਜਨੀਤੀਆਂ ਨੂੰ ਵਰਤੋਂ ਵਿੱਚ ਲਿਆਉਂਦਾ ਹੈ
- ਜ਼ੋਰ/ਦਖਲਅੰਦਾਜ਼ੀ ਦੀ ਐਮਰਜੈਂਸੀ ਜਾਂ ਗੈਰ ਯੋਜਨਾਬੱਧ ਵਰਤੋਂ, ਜੋ ਅਣਚਿਤਵੀਆਂ ਘਟਨਾਵਾਂ ਦੇ ਜਵਾਬ ਵਿੱਚ ਹੁੰਦੀ ਹੈ ਮਿਸਾਲ ਲਈ ਵਿਦਿਆਰਥੀਆਂ ਦੀਆਂ ਲੜਾਈਆਂ

ਵਿਹਾਰ

ਪ੍ਰਤਿਬੰਧਕ ਕਾਰਜਨੀਤੀਆਂ

ਇਹ ਸਕੂਲ ਕਿਰਿਆਸ਼ੀਲ ਢੰਗ ਨਾਲ ਸਕਾਰਾਤਮਕ ਵਤੀਰਾ ਪ੍ਰਬੰਧਨ ਕਾਰਜਨੀਤੀਆਂ ਨੂੰ ਪ੍ਰਫੁੱਲਤ ਕਰਦਾ ਹੈ ਅਤੇ ਇਸ ਤਰ੍ਹਾਂ ਕਿਸੇ ਐਮਰਜੈਂਸੀ ਸਥਿਤੀ ਤੋਂ ਛੁੱਟ, ਸਰੀਰਕ ਦਖਲਅੰਦਾਜ਼ੀ ਦੇ ਕਿਸੇ ਰੂਪ ਦੀ ਵਰਤੋਂ ਦੀ ਲੋੜ ਨੂੰ ਘਟਾਉਂਦਾ ਹੈ।
ਅਣਉਚਿੱਤ ਵਤੀਰੇ (ਵਤੀਰਿਆਂ) ਲਈ ਪ੍ਰਤਿਬੰਧਕ ਕਾਰਜਨੀਤੀਆਂ ਦਾ ਵੇਰਵਾ ਮਤਭੇਦ/ਟਾਕਰੇ ਜਾਂ ਹਮਲੇ ਨੂੰ ਨਕਾਰਨ ਬਾਰੇ ਸਾਡੇ ਸਕੂਲ ਦੀ ਵਤੀਰਾ ਪ੍ਰਬੰਧਨ ਨੀਤੀ ਵਿੱਚ ਦਿੱਤਾ ਗਿਆ ਹੈ।

ਜੋਖਮ ਦਾ ਮੁਲਾਂਕਣ

ਜੋਖਮ ਦਾ ਮੁਲਾਂਕਣ ਕਿਸੇ ਘਟਨਾ ਦੇ ਅਣਲੋੜੀਂਦੇ ਰੂਪ ਵਿੱਚ ਵੱਧ ਜਾਣ ਦੇ ਜੋਖਮ ਨੂੰ ਰੋਕਣ ਦੀ ਇੱਕ ਕਾਰਜਨੀਤੀ ਹੈ। ਇਹ ਇੱਕ ਆਮ ਵਿਹਾਰ ਹੈ ਜਿੱਥੇ ਕਿਸੇ ਵਿਦਿਆਰਥੀ ਜਾਂ ਘੱਟ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਰੁਕਾਵਟ ਪਾਉਣ ਵਾਲੇ ਜਾਂ ਪਰੇਸ਼ਾਨ ਕਰਨ ਵਾਲੇ ਵਤੀਰੇ ਵਜੋਂ ਜਾਣਿਆ ਜਾਂਦਾ ਹੈ।
ਸਟਾਫ਼ ਅਨੁਕੂਲ ਢੰਗ ਨਾਲ ਵਿਉਂਤ ਬਣਾ ਸਕੇ, ਇਸ ਦੇ ਲਈ ਜੋਖਮ ਦੇ ਮੁਲਾਂਕਣ ਨੂੰ ਸਿਰਫ਼ ਉਹਨਾਂ ਵਿਦਿਆਰਥੀਆਂ ਲਈ ਹੀ ਵਿਚਾਰਿਆ ਜਾਵੇਗਾ ਜੋ ਜੋਖਮ ਪੈਦਾ ਕਰਦੇ ਹਨ।
ਜੋਖਮ ਦੇ ਮੁਲਾਂਕਣ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਵਿਚਾਰਿਆ ਜਾਵੇਗਾ (a) ਵਾਤਾਵਰਣਕ ਜੋਖਮ ਦਾ ਮੁਲਾਂਕਣ ਅਤੇ (b) ਵਿਅਕਤੀਗਤ ਜੋਖਮ ਦਾ ਮੁਲਾਂਕਣ।

ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

ਮੁਨਾਸਬ ਜ਼ੋਰ/ਸੁਰੱਖਿਅਤ ਢੰਗ ਨਾਲ ਨਜਿੱਠਣ ਦੀ ਵਰਤੋਂ ਸਟਾਫ਼ ਦੇ ਕਿਸੇ ਵੀ ਸਦੱਸ ਦੁਆਰਾ ਕੀਤੀ ਜਾ ਸਕਦੀ ਹੈ ਜੋ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ 'ਤੇ ਨਿਆਂਸੰਗਤ ਨਿਯੰਤ੍ਰਣ ਜਾਂ ਜ਼ਿੰਮਾ ਰੱਖਣ ਲਈ ਅਧਿਕਾਰ ਪ੍ਰਾਪਤ ਹੋਵੇ, ਮਿਸਾਲ ਲਈ ਅਧਿਆਪਕ, ਕਲਾਸਰੂਮ ਸਹਾਇਕ, ਨਿਰੀਖਣ ਕਰਨ ਵਾਲੇ ਸਹਾਇਕ।

ਕਾਰਜ-ਵਿਧੀਆਂ

ਸਟਾਫ਼ ਦੇ ਕਿਸੇ ਸਦੱਸ ਨੂੰ ਆਪਣੇ ਆਪ ਨੂੰ ਕਿਸੇ ਖਤਰਨਾਕ ਸਥਿਤੀ ਵਿੱਚ ਪਾ ਕੇ ਮੁਨਾਸਬ ਜ਼ੋਰ ਦੀ ਵਰਤੋਂ ਕਰਦੇ ਹੋਏ ਵਿਚੋਲਗੀ ਕਰਨ ਜਾਂ ਪਿੱਛੇ ਹੀ ਰਹਿਣ ਅਤੇ ਇੰਝ ਸਾਥੀਆਂ ਜਾਂ ਵਿਦਿਆਰਥੀਆਂ ਨੂੰ ਵੱਡੇ ਖਤਰੇ ਦਾ ਸਾਹਮਣਾ ਕਰਨ ਦੇਣ ਵਿਚਾਲੇ ਫੈਸਲਾ ਕਰਨਾ ਪੈ ਸਕਦਾ ਹੈ। ਇਹਨਾਂ ਫੈਸਲਿਆਂ ਵਿੱਚ ਨਿੱਜੀ ਨਿਰਣੇ ਦਾ ਅੰਸ਼ ਹਮੇਸ਼ਾਂ ਹੋਵੇਗਾ। ਹਾਲਾਂਕਿ, ਸਟਾਫ਼ ਦੇ ਕਿਸੇ ਸਦੱਸ ਤੋਂ ਕੁਝ ਖਤਰੇ ਵਿੱਚ ਪੈਣ ਦੀ ਉਮੀਦ ਕਰਨਾ ਮੁਨਾਸਬ ਹੈ ਜਿਥੇ ਖਤਰੇ ਦਾ ਸਬੂਤ ਹੋਵੇ ਅਤੇ ਵਿਚੋਲਗੀ ਦੇ ਕਾਰਗਰ ਹੋਣ ਦੀ ਚੰਗੀ ਸੰਭਾਵਨਾ ਹੋਵੇ।
ਹਾਲਾਂਕਿ, ਸਟਾਫ਼ ਨੂੰ ਸਿਰਫ਼ ਸੰਪਤੀ ਦੀ ਰੱਖਿਆ ਕਰਨ ਲਈ ਆਪਣੇ ਆਪ ਨੂੰ ਨਿੱਜੀ ਖਤਰੇ ਵਿੱਚ ਨਹੀਂ ਪਾਉਣਾ ਚਾਹੀਦਾ।
ਮੁਨਾਸਬ ਜ਼ੋਰ/ਸੁਰੱਖਿਅਤ ਢੰਗ ਨਾਲ ਨਜਿੱਠਣ ਦੀ ਵਰਤੋਂ ਕਿਸੇ ਅਧਿਆਪਕ ਜਾਂ ਹੋਰ ਅਧਿਕਾਰਤ ਵਿਅਕਤੀ(ਆਂ) ਵੱਲੋਂ ਸਕੂਲ ਅਹਾਤਿਆਂ ਵਿੱਚ ਕੀਤੀ ਜਾ ਸਕਦੀ ਹੈ ਜਾਂ ਜਦੋਂ ਕਿਤੇ ਹੋਰ ਥਾਂ ਅਧਿਕਾਰ ਪ੍ਰਾਪਤ ਹੋਵੇ ਮਿਸਾਲ ਲਈ ਬੱਸਾਂ ਦੀਆਂ ਲਾਈਨਾਂ ਵਿੱਚ ਵਿਦਿਆਰਥੀਆਂ ਦੀ ਨਿਗਰਾਨੀ, ਜਾਂ ਹੋਰ ਸਕੂਲੋਂ ਬਾਹਰ ਗਤੀਵਿਧੀਆਂ ਜਿਵੇਂ ਕਿ ਖੇਡਾਂ ਦਾ ਕੋਈ ਈਵੈਂਟ ਜਾਂ ਵਿਦਿਅਕ ਸੈਰ ਲਈ ਅਧਿਕਾਰ ਪ੍ਰਾਪਤ। ਮੁਨਾਸਬ ਜ਼ੋਰ ਐਮਰਜੈਂਸੀ ਸਥਿਤੀਆਂ ਲਈ ਹੀ ਸੀਮਤ ਹੋਣਾ ਚਾਹੀਦਾ ਹੈ ਅਤੇ ਇਸਨੂੰ ਸਿਰਫ਼ ਆਖਰੀ ਚਾਰੇ ਵਜੋਂ ਹੀ ਵਰਤਿਆ ਜਾਣਾ ਚਾਹੀਦਾ ਹੈ ਜਦੋਂ ਵਤੀਰਾ ਪ੍ਰਬੰਧਨ ਦੀਆਂ ਹੋਰ ਸਾਰੀਆਂ ਕਾਰਜਨੀਤੀਆਂ ਵਰਤ ਲਈਆਂ ਗਈਆਂ ਹੋਣ ਅਤੇ ਜਿੱਥੇ :

- ਸਵੈ ਰੱਖਿਆ ਵਿੱਚ ਕਾਰਵਾਈ ਕੀਤੇ ਜਾਣ ਦੀ ਲੋੜ ਹੋਵੇ ਜਾਂ ਕਿਉਂਕਿ ਦੂਜੇ ਵਿਦਿਆਰਥੀ ਜਾਂ ਵਿਅਕਤੀ ਨੂੰ ਸੱਟ ਲੱਗਣ ਦਾ ਖਤਰਾ ਲਾਗੇ ਹੀ ਹੋਵੇ।
- ਦੂਜੇ ਵਿਦਿਆਰਥੀ ਜਾਂ ਵਿਅਕਤੀ ਨੂੰ ਸੱਟ ਲੱਗਣ, ਜਾਂ ਸੰਪਤੀ ਨੂੰ ਵੱਡਾ ਨੁਕਸਾਨ ਪਹੁੰਚਣ ਦਾ ਖਤਰਾ ਵੱਧ ਰਿਹਾ ਹੋਵੇ।

- ਕੋਈ ਵਿਦਿਆਰਥੀ ਇਸ ਢੰਗ ਨਾਲ ਵਿਹਾਰ ਕਰ ਰਿਹਾ ਹੋਵੇ ਜੋ ਵਿਵਸਥਾ ਅਤੇ ਅਨੁਸ਼ਾਸਨ ਨੂੰ ਜੋਖਮ ਵਿੱਚ ਪਾਉਂਦਾ ਹੋਵੇ।

ਮੁਨਾਸਬ ਜ਼ੋਰ ਦੇ ਰੂਪ

ਜਦੋਂ ਹੋਰ ਵਤੀਰਾ ਪ੍ਰਬੰਧਨ ਨੀਤੀਆਂ ਅਸਫਲ ਹੋ ਗਈਆਂ ਹੋਣ, ਤਾਂ ਸਟਾਫ ਸਹਾਇਤਾ ਲਈ ਇਕ ਭਰੋਸੇਯੋਗ ਵਿਦਿਆਰਥੀ ਭੇਜੇਗਾ ਅਤੇ ਵਿਦਿਆਰਥੀ ਦੀ ਉਮਰ, ਲਿੰਗ, ਸਰੀਰਕ ਸਮਰੱਥਾ, ਅਕਾਰ ਅਤੇ ਮੈਡੀਕਲ ਸਥਿਤੀ ਅਤੇ ਵਿਦਿਆਰਥੀ ਦੀਆਂ ਕੋਈ ਵੀ ਵਿਸ਼ੇਸ਼ ਲੋੜਾਂ 'ਤੇ ਨਿਰਭਰ ਕਰਦੇ ਹੋਏ ਘੱਟੋ ਘੱਟ ਦਖਲ ਦੀ ਵਰਤੋਂ ਕਰੇਗਾ। ਇਹ ਅਜਿਹੇ ਢੰਗ ਨਾਲ ਵਰਤੀ ਜਾਣੀ ਚਾਹੀਦੀ ਹੈ ਜਿਹੜਾ ਸਾਰੇ ਸਬੰਧਤ ਵਿਅਕਤੀਆਂ ਦੇ ਮਾਣ ਅਤੇ ਸਤਿਕਾਰ ਦੀ ਰੱਖਿਆ ਕਰਦਾ ਹੋਵੇ। ਹਰ ਵੇਲੇ ਇਕ ਸ਼ਾਂਤ ਅਤੇ ਸੰਤੁਲਤ ਪਹੁੰਚ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਇਹ ਖਾਸ ਵਿਦਿਆਰਥੀ ਲਈ ਢੁਕਵੀਂ ਅਤੇ ਸਕੂਲ ਦੁਆਰਾ ਪ੍ਰਵਾਨਤ ਕਾਰਜਨੀਤੀਆਂ ਅਤੇ ਹੇਠਾਂ ਦਿੱਤੀ ਕਾਰਜਵਿਧੀ ਜਿਸਦੀ ਪਾਲਣਾ ਹਰ ਸਮੇਂ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ, ਦੇ ਅਨੁਸਾਰ ਹੋਣੀ ਚਾਹੀਦੀ ਹੈ :

- ਵਿਦਿਆਰਥੀ ਨੂੰ ਅਣਉਚਿਤ ਵਤੀਰੇ ਨੂੰ ਰੋਕਣ ਲਈ ਕਹਿਣਾ
- ਇੱਛਤ ਵਤੀਰੇ ਨੂੰ ਸਪੱਸ਼ਟ ਕਰਦੇ ਹੋਏ, ਵਿਦਿਆਰਥੀ ਨੂੰ ਵਾਜਬ ਵਿਹਾਰ ਕਰਨ ਬਾਰੇ ਕਹਿਣਾ
- ਵਿਦਿਆਰਥੀ ਨੂੰ ਕਹਿਣਾ ਕਿ ਜੇ ਅਣਉਚਿਤ ਵਰਤਾਓ ਜਾਰੀ ਰਿਹਾ ਤਾਂ ਸਰੀਰਕ ਰੋਕ ਲਗਾਈ ਜਾਏਗੀ
- ਸੰਤੁਲਤ ਢੰਗ ਨਾਲ ਦਖਲਅੰਦਾਜ਼ੀ ਕਰਨਾ

ਜੇ ਅਧਿਆਪਕ, ਕਲਾਸਰੂਮ ਸਹਾਇਕ ਜਾਂ ਨਿਗਰਾਨ ਸਹਾਇਕ ਖਤਰਾ ਮਹਿਸੂਸ ਕਰਦਾ/ਕਰਦੀ ਹੈ ਤਾਂ ਉਸਨੂੰ ਨੇੜਲੇ ਸਟਾਫ ਸਦੱਸ ਤੋਂ ਸਹਾਇਤਾ ਮੰਗਣੀ ਚਾਹੀਦੀ ਹੈ।

ਸਕੂਲ ਦੁਆਰਾ ਵਰਤੇ ਜਾਂਦੇ ਮੁਨਾਸਬ ਜ਼ੋਰ ਦੇ ਸੰਭਾਵਤ ਰੂਪ ਵਿਅਕਤੀਗਤ ਸਥਿਤੀਆਂ 'ਤੇ ਨਿਰਭਰ ਕਰਨਗੇ ਅਤੇ ਇਸ ਵਿੱਚ ਹੇਠ ਲਿਖੇ ਸ਼ਾਮਲ ਹੋ ਸਕਦੇ ਹਨ :

- ਲੜ ਰਹੇ ਵਿਦਿਆਰਥੀਆਂ ਨੂੰ; ਜਾਂ ਲੜਨ ਜਾ ਰਹੇ ਵਿਦਿਆਰਥੀਆਂ ਨੂੰ ਵੱਖਰਾ ਕਰਨਾ
- ਵਿਦਿਆਰਥੀ ਦਾ ਰਸਤਾ ਰੋਕਣਾ
- ਕੋਟ ਜਾਂ ਬੈਗ ਪਕੜਨਾ
- ਭੱਜਣ ਦੀਆਂ ਤਕਨੀਕਾਂ (ਮਿਸਾਲ ਲਈ ਜਦੋਂ ਸਟਾਫ਼ ਦੇ ਕਿਸੇ ਸਦੱਸ ਨੂੰ ਕੋਈ ਵਿਦਿਆਰਥੀ ਝਪਟ ਕੇ ਫੜ ਲਏ)
- ਬਾਂਹ ਦੁਆਰਾ ਵਿਦਿਆਰਥੀ ਨੂੰ ਰਾਹ ਦਿਖਾਉਣਾ
- ਕੂਹਣੀਆਂ ਦੇ ਪਿਛਲੇ ਪਾਸੇ ਹੱਥ ਰੱਖ ਕੇ ਵਿਦਿਆਰਥੀ ਨੂੰ ਦੂਰ ਹੱਕਣਾ

ਸਿਹਤ ਅਤੇ ਸੁਰੱਖਿਆ

ਜਦੋਂ ਮੁਨਾਸਬ ਜ਼ੋਰ/ਸਰੀਰਕ ਰੋਕ/ਨਿਯੰਤਰਣ ਰੱਖਣ/ਸੁਰੱਖਿਅਤ ਢੰਗ ਨਾਲ ਨਜਿੱਠਣ ਦੀ ਵਰਤੋਂ ਕਰਨ ਵੇਲੇ ਵਿਦਿਆਰਥੀ ਦੀ ਸਿਹਤ ਅਤੇ ਸੁਰੱਖਿਆ ਨੂੰ ਲਾਜ਼ਮੀ ਤੌਰ 'ਤੇ ਹਮੇਸ਼ਾਂ ਵਿਚਾਰਨਾ ਚਾਹੀਦਾ ਹੈ।

ਸਰੀਰਕ ਦਖਲਅੰਦਾਜ਼ੀਆਂ ਵਿੱਚ ਸਥਿਤੀ ਦਾ ਨਿਪਟਾਰਾ ਕਰਨ ਅਤੇ ਵਿਦਿਆਰਥੀ ਨੂੰ ਸ਼ਾਂਤ ਕਰਨ ਲਈ ਲੋੜੀਂਦਾ ਘੱਟੋ-ਘੱਟ ਜ਼ੋਰ ਲਗਾਉਣਾ ਚਾਹੀਦਾ ਹੈ।

ਜ਼ੋਰ ਦੀ ਵਰਤੋਂ ਦੀਆਂ ਹੱਦਾਂ

ਕਨੂੰਨ ਸਖਤੀ ਨਾਲ ਅਜਿਹੇ ਜ਼ੋਰ ਦੀ ਵਰਤੋਂ ਨੂੰ ਮਨ੍ਹਾਂ ਕਰਦਾ ਹੈ ਜੋ ਸਰੀਰਕ ਸਜ਼ਾ ਹੋਵੇ। ਸਜ਼ਾ ਵਜੋਂ ਜਾਂ ਇਰਾਦਤਨ ਦਰਦ ਦੇਣ, ਸੱਟ ਪਹੁੰਚਾਉਣ ਜਾਂ ਅਪਮਾਨ ਕਰਨ ਵਜੋਂ ਜ਼ੋਰ ਦੀ ਵਰਤੋਂ ਸਾਡੀ ਬਾਲ ਸੁਰੱਖਿਆ ਨੀਤੀ ਦੀ ਉਲੰਘਣਾ ਕਰਦੀ ਹੈ। ਸਟਾਫ਼ ਨੂੰ ਕਦੇ ਵੀ ਅਜਿਹੇ ਢੰਗ ਨਾਲ ਪੇਸ਼ ਨਹੀਂ ਆਉਣਾ ਚਾਹੀਦਾ ਜਿਸਤੋਂ ਮੁਨਾਸਬ ਰੂਪ ਵਿੱਚ ਸੱਟ ਪਹੁੰਚਣ ਦੀ ਉਮੀਦ ਕੀਤੀ ਜਾ ਸਕਦੀ ਹੋਵੇ, ਮਿਸਾਲ ਲਈ :

- ਗਲੇ ਤੋਂ ਫੜਨਾ
- ਕਿਸੇ ਅਜਿਹੇ ਢੰਗ ਨਾਲ ਫੜਨਾ ਜਿਸ ਨਾਲ ਸਾਹ ਆਉਣਾ ਬੰਦ ਹੋ ਸਕਦਾ ਹੋਵੇ
- ਠੋਕਰ ਮਾਰਨਾ, ਥੱਪੜ ਮਾਰਨਾ ਜਾਂ ਮੁੱਕਾ ਮਾਰਨਾ ਜਾਂ ਕਿਸੇ ਔਜ਼ਾਰ ਦੀ ਵਰਤੋਂ ਕਰਨਾ
- ਹੱਥਾਂ ਪੈਰਾਂ ਤੋਂ ਜੋੜਾਂ 'ਤੇ ਜ਼ੋਰ ਪਾਉਣਾ
- ਠੋਕਰ ਲਾਉਣਾ
- ਵਾਲਾਂ ਤੋਂ ਫੜਨਾ ਜਾਂ ਖਿੱਚਣਾ
- ਵਿਦਿਆਰਥੀ ਨੂੰ ਹੇਠਾਂ ਜ਼ਮੀਨ ਵੱਲ ਮੂੰਹ ਕਰਕੇ ਫੜਨਾ

ਸਟਾਫ਼ ਨੂੰ ਵਿਦਿਆਰਥੀ ਨੂੰ ਅਜਿਹੇ ਢੰਗ ਨਾਲ ਛੂਹਣ ਜਾਂ ਫੜਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸਨੂੰ ਅਸ਼ਲੀਲ ਸਮਝਿਆ ਜਾ ਸਕਦਾ ਹੋਵੇ।

ਰਿਕਾਰਡ ਸੰਭਾਲਣਾ

ਲਾਜ਼ਮੀ ਹੈ ਕਿ ਮੁਨਾਸਬ ਜ਼ੋਰ ਦੀ ਵਰਤੋਂ ਦੀਆਂ ਸਾਰੀਆਂ ਘਟਨਾਵਾਂ ਦਾ ਰਿਕਾਰਡ ਰੱਖਿਆ ਜਾਵੇ। ਸਕੂਲ (ਪ੍ਰਿੰਸੀਪਲ) ਅਜਿਹੀਆਂ ਸਾਰੀਆਂ ਘਟਨਾਵਾਂ ਦਾ ਇੱਕ ਸਟੀਕ ਅਤੇ ਤਾਜ਼ਾ ਰਿਕਾਰਡ ਰੱਖੇਗਾ। ਕਿਸੇ ਘਟਨਾ ਦੇ ਤੁਰੰਤ ਮਗਰੋਂ, ਲਾਜ਼ਮੀ ਹੈ ਕਿ ਸਟਾਫ਼ ਦਾ ਸਬੰਧਤ ਸਦੱਸ ਪ੍ਰਿੰਸੀਪਲ ਨੂੰ ਜਾਂ ਸਟਾਫ਼ ਦੇ ਕਿਸੇ ਸੀਨੀਅਰ ਸਦੱਸ ਨੂੰ ਸੂਚਿਤ ਕਰੇ ਅਤੇ ਲਿਖਤੀ ਰਿਕਾਰਡ/ਰਿਪੋਰਟ ਮੁਹੱਈਆ ਕਰੇ।

ਬੋਰਡ ਆਫ਼ ਗਵਰਨਰਜ਼ ਦਾ ਚੇਅਰਪਰਸਨ ਅਤੇ ਪ੍ਰਿੰਸੀਪਲ ਘਟਨਾ ਵਾਲੀ ਕਿਤਾਬ ਵਿੱਚ ਦਰਜ ਕੀਤੀਆਂ ਘਟਨਾਵਾਂ ਦੀ ਸਾਲਾਨਾ ਪੜਚੋਲ ਕਰਨਗੇ। ਘਟਨਾਵਾਂ ਦੇ ਰਿਕਾਰਡ ਬੱਚੇ ਦੇ ਇੱਕੀਵੇਂ ਜਨਮ ਦਿਨ ਦੀ ਤਾਰੀਖ ਤੱਕ ਸਾਂਭ ਕੇ ਰੱਖੇ ਜਾਣਗੇ। ਸਕੂਲ ਛੱਡਣ ਸਮੇਂ ਜੇ ਨੌਜਵਾਨ ਵਿਅਕਤੀ ਦੀ ਉਮਰ 18 ਸਾਲ ਤੋਂ ਵੱਧ ਹੋਵੇ ਤਾਂ ਰਿਕਾਰਡਾਂ ਨੂੰ ਉਹਨਾਂ ਦੇ ਛੱਡਣ ਦੀ ਤਾਰੀਖ ਮਗਰੋਂ 3 ਸਾਲਾਂ ਲਈ ਸਾਂਭ ਦੇ ਰੱਖਿਆ ਜਾਵੇਗਾ। ਗੁਪਤਤਾ ਅਤੇ ਨੌਜਵਾਨ ਵਿਅਕਤੀ ਦੇ ਨਿੱਜਤਾ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਪਏਗਾ।

ਜਿੰਨੀ ਛੇਤੀ ਹੋ ਸਕੇ, ਤਰਜੀਹੀ ਰੂਪ ਵਿੱਚ ਉਸੇ ਦਿਨ ਵਿਦਿਆਰਥੀ ਦੀ ਰਾਇ ਵੀ ਰਿਕਾਰਡ ਕੀਤੀ ਜਾਣੀ ਚਾਹੀਦੀ ਹੈ।

ਮਾਪਿਆਂ ਨੂੰ ਸੰਪਰਕ ਕਰਨਾ

ਮਾਪਿਆਂ/ਦੇਖਭਾਲਕਰਤਿਆਂ ਨੂੰ ਜਿੰਨੀ ਛੇਤੀ ਹੋਵੇ ਸੰਪਰਕ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਘਟਨਾ ਦਾ ਖੁਲਾਸਾ ਕੀਤਾ ਜਾਣਾ ਚਾਹੀਦਾ ਹੈ (ਜੇ ਲੋੜ ਹੋਵੇ ਤਾਂ ਕਿਸੇ ਦੁਭਾਸ਼ੀਏ ਨਾਲ)। ਲਾਜ਼ਮੀ ਹੈ ਕਿ ਇਸਨੂੰ ਰਿਕਾਰਡ ਕੀਤਾ ਜਾਵੇ। ਮਾਤਾ-ਪਿਤਾ ਤੋਂ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਨੂੰ ਸਕੂਲ ਦੀ ਸ਼ਿਕਾਇਤਾਂ ਬਾਰੇ ਨੀਤੀ/ਕਾਰਜਵਿਧੀ ਨਾਲ ਨਜਿੱਠਿਆ ਜਾਵੇਗਾ ਜਿਸਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

ਸ਼ਿਕਾਇਤਾਂ

ਜੇ ਸਕੂਲ ਵਿੱਚ ਕੋਈ ਘਟਨਾ ਵਾਪਰਦੀ ਹੈ ਜਿਸ ਵਿੱਚ ਕਿਸੇ ਅਧਿਆਪਕ ਵੱਲੋਂ ਮੁਨਾਸਬ ਜ਼ੋਰ/ਪਾਬੰਦੀ ਦੀ ਵਰਤੋਂ ਕਰਨਾ ਸ਼ਾਮਲ ਹੈ, ਤਾਂ ਅਜਿਹੀਆਂ ਘਟਨਾਵਾਂ ਸਬੰਧੀ ਕਾਰਜ-ਵਿਧੀਆਂ ਦੀ ਪਾਲਣਾ ਕੀਤੀ ਜਾਵੇਗੀ। ਇਸ ਵਿੱਚ ਬੱਚੇ ਦੇ ਮਾਤਾ-ਪਿਤਾ/ਸਰਪਰਸਤ(ਾਂ) ਨੂੰ ਸੂਚਿਤ ਕਰਨਾ ਸ਼ਾਮਲ ਹੋਵੇਗਾ ਜਿਸ ਦੀ ਰੂਪਰੇਖਾ ਉੱਪਰ ਦਿੱਤੀ ਗਈ ਹੈ।

ਸਟਾਫ਼ ਦੇ ਕਿਸੇ ਸਦੱਸ ਵੱਲੋਂ ਕੋਈ ਵੀ ਅੱਗੋਂ ਆਉਣ ਵਾਲੀਆਂ ਸ਼ਿਕਾਇਤਾਂ ਨਾਲ ਸਕੂਲ ਦੀ ਸ਼ਿਕਾਇਤਾਂ ਬਾਰੇ ਨੀਤੀ/ਕਾਰਜਵਿਧੀ ਅਤੇ ਸਰਕੁਲਰ 1999/10, ਸਕੂਲਾਂ ਵਿੱਚ ਪੇਸਟੋਰਲ ਦੇਖਭਾਲ - ਬਾਲ ਸੁਰੱਖਿਆ ਦੇ ਅਨੁਰੂਪ ਨਜਿੱਠਿਆ ਜਾਵੇਗਾ।

ਜੋ ਸਟਾਫ਼ ਖੁਦ ਕਿਸੇ ਹਮਲਾਵਰ ਖਿਲਾਫ਼ ਕੋਈ ਲੋੜੀਂਦੀ ਕਾਰਵਾਈ ਕਰਨ ਵਿੱਚ ਸਰੀਰਕ ਹਿੰਸਾ ਜਾਂ ਹਮਲੇ ਦਾ ਸ਼ਿਕਾਰ ਹੋਇਆ ਹੋਵੇ, ਉਸ ਨੂੰ ਜਿਵੇਂ ਵੀ ਮੁਨਾਸਬ ਹੋਵੇ, ਸਹਾਇਤਾ ਦਿੱਤੀ ਜਾਵੇਗੀ।

ਮੁਨਾਸਬ ਜ਼ੋਰ ਦੀ ਵਰਤੋਂ ਸਿਰਫ਼ ਛੋਟਵੇਂ ਹਾਲਾਤ ਵਿੱਚ ਜਾਂ ਕਿਸੇ ਐਮਰਜੈਂਸੀ ਵਿੱਚ ਹੀ ਕੀਤੀ ਜਾਵੇਗੀ ਜਿੱਥੇ ਕੋਈ ਵਿਦਿਆਰਥੀ ਸਵੈ-ਨਿਯੰਤ੍ਰਣ ਕਰਨ ਤੋਂ ਅਸਮਰੱਥ ਜਾਪਦਾ ਹੋਵੇ ਅਤੇ ਜਿਸਦਾ ਵਤੀਰਾ ਉਸਦੇ ਲਈ ਜਾਂ ਹੋਰਨਾਂ ਲਈ ਖਤਰਾ ਪੇਸ਼ ਕਰਦਾ ਹੋਵੇ। ਸਟਾਫ਼ ਦੇ ਕਿਸੇ ਸਦੱਸ ਨੂੰ ਮਦਦ ਤੋਂ ਬਿਨਾਂ ਕਿਸੇ ਘਟਨਾ ਵਿੱਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ, ਜੇ ਅਜਿਹਾ ਖਤਰਾ ਹੋਵੇ ਕਿ ਉਸਨੂੰ ਸੱਟ ਲੱਗ ਸਕਦੀ ਹੈ ਜਾਂ ਉਸਦੀ ਜ਼ਿੰਦਗੀ ਨੂੰ ਖਤਰਾ ਹੋ ਸਕਦਾ ਹੈ।